# ਬ੍ਰਹਮ ਕਵਲ ਦਾ ਕਾਵਿ-ਆਨੰਦ

ਦੇਵਿੰਦਰ ਕੌਰ

'ਬ੍ਰਹਮ ਕਮਲ' ਅੰਬਰੀਸ਼ ਦਾ ਪੰਜਵਾਂ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 1985 ਵਿਚ 'ਸਭ ਧਰਤੀ ਕਾਗਦ', 1991 ਵਿਚ ਪਹੀਆ-ਚਿੜੀ ਤੇ ਆਸਮਾਨ', 1996 ਵਿਚ 'ਅਨੰਤ ਪਰਵਾਸ' ਅਤੇ 2001 ਵਿਚ 'ਰੰਗ ਤੇ ਰੇਤ ਘੜੀ' ਨਾਲ ਨਵੀਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਆਪਣੇ ਪੈਰ ਪੱਕੇ ਕਰ ਚੁੱਕਿਆ ਹੈ।

ਉਸਦੀ ਕਾਵਿ-ਪੁਸਤਕ ਅਨੰਤ ਪਰਵਾਸ ਦੀਆਂ 'ਔਰਤਾਂ' ਨਜ਼ਮ ਵਿਚਲੀਆਂ ਹੇਠ ਲਿਖੀਆਂ ਸਤਰਾਂ ਮੈਨੂੰ ਅਜੇ ਵੀ ਯਾਦ ਹਨ:-

ਉਮਰ ਸਾਰੀ ਔਰਤਾਂ ਖ਼ੁਦ ਨੂੰ<br>
ਦੋਹੀਂ ਹੱਥੀਂ ਖ਼ਰਚਦੀਆਂ<br>
ਫਿਰ ਵੀ ਆਪਣੇ ਵਿਹੜਿਆਂ'ਚ ਫਿਰਦੀਆਂ, ਉਨ੍ਹਾਂ ਦੀ<br>
ਘਰਵਾਲੀਆਂ ਹੋਣ ਦੀ ਖ਼ੁਸ਼ੀ<br>
ਉਨ੍ਹਾਂ ਦੀਆਂ ਚੂੜੀਆਂ'ਚ ਛਣਕਦੀ<br>
ਧੋਤੇ ਜਾ ਰਹੇ ਪਤੀਲਿਆਂ'ਚ ਟੁਣਕਦੀ (ਪੰਨਾ 16)

ਇਸ ਪੁਸਤਕ ਵਿਚ ਅੰਬਰੀਸ਼ ਨੇ ਕਈ ਚਿਹਨ ਸਿਰਜੇ ਹਨ। ਜਿਵੇਂ ਫੁੱਲ,ਜ਼ਮੀਨ,ਸੂਰਜ, ਪੰਛੀ,ਰੁੱਖ, ਮੀਂਹ, ਘਰ, ਸੁਰਾਹੀਆਂ, ਨਜ਼ਰ, ਕਿਸ਼ਤੀਆਂ, ਪਗਡੰਡੀਆਂ ਆਦਿ। ਇਸ ਪੁਸਤਕ ਵਿਚ ਕਵੀ ਜ਼ਿੰਦਗੀ ਨੂੰ ਪੜ੍ਹਦਾ ਜਾਪਦਾ ਹੈ। ਉਹ ਜ਼ਿੰਦਗੀ, ਕੁਦਰਤ ਦਾ ਸੁਹਿਰਦ ਪਾਠਕ ਬਣ ਕੇ ਕਵਿਤਾ ਦੀ ਸਿਰਜਣਾ ਕਰਦਾ ਹੈ। ਜ਼ਿੰਦਗੀ ਨਾਲ ਉਸਦਾ ਰਿਸ਼ਤਾ ਖ਼ਾਮੋਸ਼ੀ ਵਾਲਾ ਹੈ। ਇਸੇ ਲਈ ਉਸਦੀ ਕਵਿਤਾ ਵਿਚ ਠਹਿਰਾਓ ਹੈ, ਰਵਾਨੀ ਹੈ, ਗੁਫ਼ਤਗੂ ਹੈ, ਜ਼ਿੰਦਗੀ ਨੂੰ ਅਹਿਸਾਸ ਦੀ ਅੱਖ ਨਾਲ ਵੇਖਣ ਦੀ ਮੁਹਾਰਤ ਹੈ। ਇਸੇ ਕਰਕੇ ਉਸਦੀ ਇਕ ਤੋਂ ਬਾਅਦ ਦੂਜੀ ਕਾਵਿ-ਪੁਸਤਕ ਦੀ ਸਿਰਜਣਾ ਵਿਚ ਘੱਟੋ ਘੱਟ 5 ਸਾਲ ਦਾ ਵਕਫ਼ਾ ਹੈ। ਉਸਨੂੰ ਜਿਵੇਂ ਜ਼ਿੰਦਗੀ ਵਿਚ ਭੱਜ ਦੌੜ ਦੀ ਕੋਈ ਕਾਹਲ ਨਹੀਂ, ਉਸੇ ਤਰ੍ਹਾਂ ਕਵਿਤਾ ਸਿਰਜਣ ਲਈ ਵੀ ਕੋਈ ਕਾਹਲ ਨਹੀਂ। ਉਹ ਇਤਮੀਨਾਨ ਨਾਲ ਜ਼ਿੰਦਗੀ ਨੂੰ ਪੜ੍ਹਦਾ ਤੇ ਕਵਿਤਾ ਨੂੰ ਸਿਰਜਦਾ ਹੈ। ਜ਼ਿੰਦਗੀ ਨੂੰ ਕਿਤਾਬ ਵਾਂਗ ਪੜ੍ਹਨਾ ਅਤੇ ਆਪਣੇ ਇਹਸਾਸ ਨੂੰ ਕਿਤਾਬ ਵਿਚ ਮੁੜ ਸਿਰਜਣਾ ਅਸਲ ਵਿਚ ਵਾਸਤਵਿਕ ਸਿਰਜਣਾ ਦੀ ਪੁਨਰ ਸਿਰਜਣਾ ਹੈ।

ਆਪਣੀ ਇਕ ਹੋਰ ਪੁਸਤਕ 'ਰੰਗ ਤੇ ਰੇਤ ਘੜੀ' ਵਿੱਚ ਅੰਬਰੀਸ਼ ਨਵੀਂ ਕਵਿਤਾ ਦੀ ਕਾਵਿ-ਪ੍ਰਕਿਰਿਆ ਦਾ ਸਿੱਧਾਂਤ ਸਿਰਜਦਾ ਹੈ। ਉਸ ਲਈ ਕਿਸੇ ਕਵਿਤਾ ਵਿਚਲੀ ਕਾਵਿ-ਮੈਂ ਕਵਿਤਾ ਦੀ ਦ੍ਰਿਸ਼-ਪ੍ਰਕਿਰਿਆ ਦੇ ਨਾਲ ਨਾਲ ਮਾਨਸਿਕਤਾ ਵਿਚ ਚੱਲ ਰਹੀ ਸੋਚ-ਵਿਚਾਰ ਦੀ ਪ੍ਰਕਿਰਿਆ ਵਿਚ ਵੀ ਕਾਰਜਸ਼ੀਲ ਹੁੰਦੀ ਹੈ। ਇਸ ਸੰਧਰਭ ਵਿਚ ਉਸਦੀਆ ਹੇਠ ਲਿਖੀਆਂ ਸਤਰਾਂ ਮਿਸਾਲ ਵਜੋਂ ਪੇਸ਼ ਹਨ:-

ਹਰ ਘੜੀ ਇਕਾਂਤ ਤਾਂਘਦਾ<br>
ਵਸੋਂ ਤੋਂ ਦੂਰ ਅੰਦਰਲੇ

ਵਣਾਂ ਨੂੰ ਜਾਂਦਾ
ਅੰਤਰ ਧਿਆਨ ਹੁੰਦਾ ਅੰਦਰ
ਅੱਖਰ ਜਾਗਦੇ ਮੈਂ
ਅੱਖਰਾਂ ਦਾ ਰੁੱਖ ਹੋ ਜਾਂਦਾ ( ਪੰਨਾ 70 )

ਇਸ ਪੁਸਤਕ ਦੀ ਬਹੁਤੀ ਕਵਿਤਾ ਅੰਤਰ ਮਨ ਦੀ ਕਵਿਤਾ ਹੈ। ਦ੍ਰਿਸ਼ ਅਤੇ ਅੰਤਰ ਮਨ ਨਾਲ ਨਾਲ ਤੁਰਦੇ ਹਨ। ਸਾਰਾ ਵਾਤਾਵਰਣ ਕਾਵਿਕ ਹੋ ਜਾਂਦਾ ਹੈ। ਸ਼ਬਦ ਅਠਖੇਲੀਆਂ ਕਰਦੇ ਹਨ, ਕਵਿਤਾ ਦੀ ਪ੍ਰਕਿਰਿਆ ਪਾਣੀ ਦੀ ਛਰਬਲ ਵਾਂਗ ਤਰਲ ਹੋ ਜਾਂਦੀ ਹੈ, ਚਿਹਨ ਹੋਲੀ ਹੋਲੀ ਮੱਧਮ ਚਾਲ ਤੁਰਦੇ ਸਹਿਜ ਪ੍ਰਕਿਰਿਆ ਵਿਚ ਢਲਦੇ ਜਾਂਦੇ ਹਨ। ਇਸ ਤਰ੍ਹਾਂ ਅੰਬਰੀਸ਼ ਦੀ ਇਸ ਪੁਸਤਕ ਵਿਚਲੀ ਕਵਿਤਾ ਅੰਤਰ ਮਨ ਦੀ ਕਵਿਤਾ ਦਾ ਰੂਪ ਧਾਰਦੀ ਹੈ। ਅੰਤਰ ਮਨ ਦੀ ਕੋਮਲਤਾ ਸਦਕਾ ਇਸ ਪੁਸਤਕ ਵਿਚਲੀ ਕਾਵਿ-ਮੈਂ ਵਿਦੇਸ਼ ਵਿਚ ਸਫ਼ਰ ਕਰਦੀ, ਦੋਸਤਾਂ ਮਿੱਤਰਾਂ ਲਈ, ਪਰਵਾਰ ਲਈ ਗਿਫਟ ਖ਼ਰੀਦਣ ਲੱਗਿਆਂ ਮਾਂ ਬਾਪ ਨੂੰ ਕਦੇ ਨਹੀਂ ਭੁੱਲਦੀ ਤੇ ਉਨ੍ਹਾਂ ਲਈ ਖ਼ਰੀਦੀਆਂ ਵਸਤਾਂ ਲਈ ਸੂਟ ਕੇਸ ਵਿਚ ਥਾਂ ਬਣਾ ਹੀ ਲੈਂਦੀ ਹੈ। ਪਰਦੇਸ 'ਚ ਵਿਚਰਦਿਆਂ ਵੀ ਇਹ ਕਾਵਿ-ਮੈਂ ਅੰਤਰ ਮਨ ਵਿਚ ਦੇਸ ਵਿਚ ਰਹਿ ਗਏ ਜੀਆਂ ਲਈ ਸੋਚਦੀ ਹੈ। ਇੰਝ ਇਹ ਕਾਵਿ-ਮੈਂ ਵਾਸਤਵਿਕਤਾ ਦੇ ਨਾਲ ਨਾਲ ਆਪਣੇ ਖ਼ਿਆਲਾਂ ਵਿਚ ਵਧ ਜੀਂਦੀ ਹੈ। ਇਸੇ ਲਈ ਇਸ ਪੁਸਤਕ ਦੀ ਕਵਿਤਾ ਨੂੰ ਮੈਂ ਸ਼ੁਰੂ ਵਿਚ ਹੀ ਅੰਤਰ ਮਨ ਦੀ ਕਵਿਤਾ ਕਿਹਾ ਹੈ।

ਬ੍ਰਹਮ ਕਮਲ ਤੱਕ ਆਉਂਦਿਆਂ ਅੰਬਰੀਸ਼ ਦੀ ਕਵਿਤਾ ਵਧੇਰੇ ਦਾਰਸ਼ਨਿਕ ਹੋ ਜਾਂਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਹ ਅਮੂਰਤ ਹੋ ਜਾਂਦੀ ਹੈ। ਸਮੂਰਤ ਅਤੇ ਅਮੂਰਤ ਅਨਿਖੜ ਰੂਪ ਵਿਚ ਪੇਸ਼ ਹੁੰਦੇ ਹਨ। ਇਸੇ ਵਿਚ ਹੀ ਨਵੀਂ ਕਵਿਤਾ ਦਾ ਸਿਧਾਂਤ ਪਿਆ ਹੈ। ਕਵਿਤਾ ਨਾ ਤਾਂ ਭਾਵਾਂ ਦਾ ਪ੍ਰਗਟਾਵਾ ਕਰਦੀ ਹੈ, ਨਾਂ ਹੈ ਕਿਸੇ ਵਿਚਾਰਧਾਰਾ ਦੀ ਪੈਰਵੀ, ਸਗੋਂ ਇਹ ਕਵਿਤਾ ਜ਼ਿੰਦਗੀ ਅਤੇ ਕੁਦਰਤ ਨੂੰ ਅਨਿਖੜ ਰੂਪ ਵਿਚ ਜੀਂਦੀ ਅਤੇ ਅਨਿਖੜ ਰੂਪ ਵਿਚ ਸਿਰਜਦੀ ਹੈ। ਇਸ ਕਵਿਤਾ ਨੂੰ ਹੋਂਦ ਧਾਰਨ ਵਾਸਤੇ ਕਿਸੇ ਪਿੰਗਲ ਦਾ ਸਹਾਰਾ ਨਹੀਂ ਲੈਣਾ ਪੈਂਦਾ, ਸਗੋਂ ਇਹ ਆਪਣਾ ਕਾਵਿ-ਸ਼ਾਸਤਰ ਆਪ ਸਿਰਜਦੀ ਹੈ। ਇਸ ਦੇ ਕਾਵ ਸ਼ਾਸਤਰ ਵਿਚ ਕਾਵਿ-ਆਨੰਦ ਵਾਲਾ ਸਿਧਾਂਤ ਲੁਕਿਆ ਹੋਇਆ ਹੈ। ਕਵਿਤਾ ਆਨੰਦ ਦਾ ਸੰਕਲਪ ਨਹੀਂ ਸਿਰਜਦੀ ਸਗੋਂ ਕਵਿਤਾ ਦੀ ਪ੍ਰਕਿਰਿਆ ਵਿਚੋਂ ਕਾਵਿ-ਆਨੰਦ ਦੀ ਪਰਤੀਤੀ ਹੁੰਦੀ ਹੈ। ਇਸ ਕਾਵਿ ਆਨੰਦ ਦਾ ਸੰਬੰਧ ਕਵਿਤਾ ਦੀ ਸਿਰਜਣ ਪ੍ਰਕਿਰਿਆ ਅਤੇ ਪੜ੍ਹਣ-ਪ੍ਰਕਿਰਿਆ ਨਾਲ ਜਾ ਜੁੜਦਾ ਹੈ। ਰੋਲਾਂ ਬਾਰਤ ਨੇ ਇਸਨੂੰ 'ਪਾਠ ਦਾ ਆਨੰਦ' ( pleasure of the text ) ਕਿਹਾ ਹੈ। ਅੰਬਰੀਸ਼ ਦੀ ਇਸ ਕਾਵਿ-ਪੁਸਤਕ ਵਿਚ ਪਾਠ ਦਾ ਆਨੰਦ ਕਈ ਪੱਧਰਾਂ ਤੇ ਪੈਦਾ ਹੁੰਦਾ ਹੈ।

ਇੱਕ ਪੱਧਰ 'ਪ੍ਰਤੱਖਣ ਦੀ ਪ੍ਰਕਿਰਿਆ' ਦੀ ਹੈ। ਕਵੀ ਆਲੇ ਦੁਆਲੇ ਨੂੰ ਨੀਝ ਨਾਲ ਦੇਖਦਾ, ਸਥਿਤੀਆਂ ਨੂੰ ਆਤਮਸਾਤ ਕਰਦਾ, ਉਸ ਨੂੰ ਅਜਨਬੀਕ੍ਰਿਤ ਅੱਖ ਨਾਲ ਦੇਖਦਾ, ਆਪਣੀ ਭਾਵ-ਬਿਰਤੀ ਨਾਲ ਉਨ੍ਹਾਂ ਵਿਚ ਅਜਨਬੀਕ੍ਰਿਤ ਅਰਥ ਭਰਦਾ ਹੈ। ਮਾਮੂਲੀ ਤੋਂ ਮਾਮੂਲੀ ਸਥਿਤੀ ਜਾਂ ਦ੍ਰਿਸ਼ ਨੂੰ ਦੇਖਣਯੋਗ ਬਣਾ ਦੇਂਦਾ ਹੈ।ਇਕ ਮਿਸਾਲ ਪੇਸ਼ ਹੈ:-

ਚੰਗਾ ਲੱਗਦਾ
ਨਿੱਕੇ ਨਿੱਕੇ ਪੁਲਾਂ'ਤੋਂ ਲੰਘਣਾ

ਪੁਰਾਣੇ ਥੇਹਾਂ 'ਤੇ ਉੱਸਰੇ
ਨਵੇਂ ਪਿੰਡਾਂ 'ਚੋਂ ਗੁਜ਼ਰਨਾ
ਸੰਘਣੇ ਬਾਗ਼ਾਂ
ਨਾਨਕਸ਼ਾਹੀ ਇੱਟਾਂ ਦੀਆਂ
ਹਵੇਲੀਆਂ ਨਿੱਕੇ
ਕਿਲ੍ਹਿਆਂ ਦੇ ਕੋਲੋਂ ਗੁਜ਼ਰਨਾ ( ਪੰਨਾ, 20 )

ਇਸ ਪੁਸਤਕ ਵਿਚਲੇ ਪਾਠ-ਆਨੰਦ ਦੀ ਦੂਜੀ ਪੱਧਰ ਹੈ, ਅੰਤਰ-ਧੁਨੀ ਦੇ ਅਹਿਸਾਸ ਦੀ ਕਵਿਤਾ। ਇਹ ਅਹਿਸਾਸ ਕਵਿਤਾ ਵਿਚਲੀ ਚਿਹਨਕੀ ਪ੍ਰਕਿਰਿਆ ਵਿਚੋਂ ਉਜਾਗਰ ਹੁੰਦਾ ਹੈ। ਆਕਾਸ਼ ਵਿਚਲੇ ਸੁਰਮਈ ਬੱਦਲ ਸ਼ਾਇਰ ਨੂੰ ਭਿੰਨ ਭਿੰਨ ਆਕ੍ਰਿਤੀਆਂ ਵਾਲੇ ਪੰਛੀ ਜਾਪਦੇ ਹਨ।ਇਹਨ੍ਹਾਂ ਪੰਛੀਆਂ ਨੂੰ ਕਲਪ ਕੇ ਸ਼ਾਇਰ ਦੇ ਮਨ ਵਿਚ ਜੋ ਅੰਤਰ-ਧੁਨੀ ਪੈਦਾ ਹੁੰਦੀ ਹੈ ਉਸਨੂੰ ਉਹ ਹੰਸ-ਧੁਨੀ ਦਾ ਨਾਮ ਦੇਂਦਾ ਹੈ। ਕੂੰਜਾਂ, ਮੁਰਗ਼ਾਬੀਆਂ ਤੇ ਹੰਸ ਧੁਨੀ ਵਿਚੋਂ ਸ਼ਾਇਰ ਹੰਸ ਧੁਨੀ ਦੀ ਚੋਣ ਕਰਦਾ ਹੈ। ਇਹ ਚੋਣ ਸ਼ਾਇਰ ਦੀ ਕਵਿਤਾ ਵਿਚ ਸਿਰਜਤ ਕਾਵਿ-ਮੈਂ ਨੂੰ ਬ੍ਰਹਮ-ਆਨੰਦ ਦੀ ਅਵਸਥਾ ਨਾਲ ਜੋੜਦੀ ਹੈ। ਲੇਕਿਨ ਇਸ ਅਵਸਥਾ ਨੂੰ ਸ਼ਾਇਰ ਨੇ ਪ੍ਰਕਿਰਤੀ ਨਾਲ ਇੱਕ ਮਿੱਕ ਕਰ ਦਿਤਾ ਹੈ। ਏਸੇ ਅਖੰਡਤਾ ਵਿਚੋਂ ਹੀ ਪਾਠ ਦਾ ਆਨੰਦ ਉਜਾਗਰ ਹੁੰਦਾ ਹੈ।ਹੰਸ ਵੈਸੇ ਵੀ ਸਾਡੇ ਸਭਿਆਚਾਰ ਵਿਚ ਸਾਰੇ ਪੰਛੀਆਂ ਨਾਲੋਂ ਵਿਲੱਖਣ ਅਤੇ ਉੱਦਾਤ (sublime) ਮੰਨਿਆ ਗਿਆ ਹੈ। ਗੁਰਬਾਣੀ ਵਿਚ ਕਗੋਂ ਹੰਸ ਬਣਨ ਦੀ ਪ੍ਰਕਿਰਿਆ ਵਾਸਤਵਿਕਤਾ ਤੋ ਪਾਰ ਅਧਿਆਤਮਕਤਾ ਦੀ ਟੀਸੀ ਤੇ ਪਹੁੰਚ ਜਾਣ ਦੀ ਪ੍ਰਕਿਰਿਆ ਹੈ। ਇਹ ਰੂਪਾਨਤਰੀਕਰਨ ਦੀ ਪ੍ਰਕਿਰਿਆ ਹੈ ਜਿਥੇ ਪਹੁੰਚ ਕੇ ਸਭ ਨੂਰ ਹੀ ਨੂਰ ਹੋ ਜਾਂਦਾ ਹੈ। ਪੁਸਤਕ ਵਿਚੋਂ ਇੱਕ ਮਿਸਾਲ ਪੇਸ਼ ਹੈ:-

ਬਚਪਨ ਸ਼ਾਮ
ਪਿੰਡ ਵਾਲੇ ਘਰ ਦਾ ਵਿਹੜਾ
ਮੈਂ 'ਕੱਲਾ ਬਿਲਕੁਲ 'ਕੱਲਾ ਖੜ੍ਹਾ
ਉਹ ਖ਼ਾਸ
ਸੁਫ਼ਨਿਆਂ ਵਾਲੀ
ਰੋਸ਼ਨੀ ਚੁੱਪ-ਚਾਂ ਹੈ

ਰੋਮ ਰੋਮ ਅੰਦਰ ਮੇਰੇ
ਹੰਸ-ਧੁਨੀ ਗੂੰਜਦੀ ਹੈ ( ਪੰਨਾ 18 )

ਕਵਿਤਾ ਵਿਚਲੇ ਪਾਠ-ਆਨੰਦ ਦੀ ਤੀਜੀ ਪੱਧਰ ਅਜਨਬੀਕਰਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਨ ਦੀ ਹੈ। ਕਵਿਤਾ ਵਿਚਲੀ ਕਾਵਿ-ਮੈਂ ਅਣਜਾਣੀਆਂ ਸੜਕਾਂ ਤੇ ਸਫ਼ਰ ਨੂੰ ਤੁਰਦੀ ਹੈ। ਉਹ ਕੇਵਲ ਤੁਰਦੀ ਨਹੀਂ, ਬਾਰ ਬਾਰ ਰੁਕਦੀ ਹੈ, ਕੁਦਰਤ ਦੇ ਵੇਰਵਿਆਂ ਨੂੰ ਦੇਖਦੀ, ਨਿਹਾਰਦੀ, ਉਸ ਦੇ ਭਿੰਨ ਭਿੰਨ ਰੰਗਾਂ ਬਾਰੇ ਚੇਤੰਨ ਹੁੰਦੀ ਹੈ। ਕੁਦਰਤ ਦੇ ਭਿੰਨ ਭਿੰਨ ਰੰਗਾਂ ਨੂੰ ਸਿਰਜਣ ਦੀ ਪ੍ਰਕਿਰਿਆ ਅਜਨਬੀਕਰਨ ਦੇ ਸਿਧਾਂਤ ਵੱਲ ਸੰਕੇਤ ਕਰਦੀ ਹੈ। ਇਹ ਕੇਵਲ ਸਿਧਾਂਤ ਹੀ ਨਹੀਂ, ਇਕ ਜਗਤ ਹੈ ਜੋ ਵਾਸਤਵਿਕ ਕੁਦਰਤ ਨੂੰ ਕਵਿਤਾ ਵਿਚ ਪੇਸ਼ ਕਰਕੇ ਪਾਠਕ ਲਈ ਉਸਨੂੰ ਹੋਰ ਵੇਖਣ ਯੋਗ ਬਣਾ ਦੇਂਦੀ ਹੈ। ਇਹ ਕੁਦਰਤ ਦਾ ਦੀਦਾਰ ਕਰਾਉਣ ਦੀ ਪ੍ਰਕਿਰਿਆ ਹੈ ਜੋ

ਕਵਿਤਾ ਵਿਚ ਸੁਹਜ ਸਿਰਜਦੀ ਹੈ ਤੇ ਏਸੇ ਸੁਹਜ-ਸਿਰਜਣ ਦੀ ਪ੍ਰਕਿਰਿਆ ਵਿਚ ਹੀ ਪਾਠ ਦਾ ਆਨੰਦ ਪਿਆ ਹੈ। ਮਿਸਾਲ ਪੇਸ਼ ਹੈ:-

ਰਾਹਾਂ ਦੀਆਂ ਮਿੱਟੀਆਂ ਦੇ ਵੱਖਰੇ
ਰੰਗ ਭਾਹਾਂ ਗਠਨ ਵੇਖਣੇ
ਪਾਣੀਆਂ ਦੇ ਅਲੱਗ ਆਪਣੇ
ਸੁਆਦ ਮਹਿਕਾਂ ਮਹਿਸੂਸਣਾ
ਕਰੂੰਬਲ-ਹਰਾ ਮੀਂਹ ਧੋਤਾ-ਹਰਾ ਪਿਸਤਾ ਸਾਵਾ-ਹਰਾ
ਹਰਿਆਉਲੀ ਦੀਆਂ
ਸਭ ਭਾਹਾਂ ਮਾਣਨਾ
ਚੰਗਾ ਲਗਦਾ (ਪੰਨਾ 20)

ਕਵਿਤਾ ਵਿਚਲੇ ਪਾਠ-ਆਨੰਦ ਦੀ ਚੋਥੀ ਪੱਧਰ ਸਥਿਤੀ ਦੇ ਫੈਲਾਓ ਸਿਰਜਣ ਵਿਚ ਹੈ। ਏਸ ਪੁਸਤਕ ਦੀਆਂ ਕਵਿਤਾਵਾਂ ਵਿਚਲੀਆਂ ਭਿੰਨ ਭਿੰਨ ਸਥਿਤੀਆਂ ਆਪਣੇ ਵਾਸਤਵਿਕ ਘੇਰੇ ਵਿਚੋਂ ਨਿਕਲ ਬ੍ਰਹਿਮੰਡ ਦੇ ਅਸੀਮ ਘੇਰੇ ਤੱਕ ਫੈਲਦੀਆਂ ਹਨ। ਇਹ ਸ਼ਬਦ ਸਿਰਜਣਾ ਦਾ ਫੈਲਾਓ ਹੈ ਜੋ ਵਿਚਲੇ ਮਾਹੌਲ ਨੂੰ ਖ਼ੂਬਸੂਰਤ ਅਤੇ ਅਸੀਮ ਬਣਾ ਦੇਂਦਾ ਹੈ।ਇੱਕ ਮਿਸਾਲ ਪੇਸ਼ ਹੈ:-

ਮੀਹਾਂ-ਧੂਲੀ ਕ੍ਰਿਸ਼ਨ-ਪੱਖ ਦੀ ਰਾਤ
ਤਾਰੇ ਟਿਮਟਿਮਾ ਰਹੇ
ਅਨੰਤ ਤੋਂ ਅਨੰਤ ਫੈਲੇ
ਸ਼ਾਹ ਕਾਲੇ ਸ਼ਨੀਲ 'ਤੇ
ਇੱਕ ਇੱਕ ਕਰਕੇ ਕੋਈ
ਧਰਦਾ ਪਿਆ ਹੈ ਦੀਪਕ
ਕੈਸਾ ਮੰਦਰ ਇਹ
ਭਗਤ ਨਾ ਭਗਵਾਨ ਨਹੀਂ
ਸਿਰਫ਼ ਸੁਰ ਘੰਟੀ ਦੇ ਤੈਰ ਰਹੇ (ਪੰਨਾ 48 )

ਇਸ ਪੁਸਤਕ ਦੇ ਪਾਠ-ਆਨੰਦ ਦੀ ਪੰਜਵੀਂ ਪੱਧਰ ਚਿਹਨਾਂ ਵਿਚੋਂ ਨਵੇਂ ਅਰਥ ਦੀ ਤਲਾਸ਼ ਵਿਚ ਹੈ। ਚਿਹਨਾਂ ਵਿਚੋਂ ਨਵੇਂ ਅਰਥਾਂ ਦੀ ਤਲਾਸ਼ ਕਵਿਤਾ ਵਿਚ ਤਾਜ਼ਗੀ ਪੈਦਾ ਕਰਦੀ ਹੈ। ਇਹ ਤਾਜ਼ਗੀ ਸ਼ਾਇਰ ਦੇ ਸ੍ਵੈ-ਅਹਿਸਾਸ 'ਚੋਂ ਪੈਦਾ ਹੋਈ ਹੈ। ਇਕ ਮਿਸਾਲ ਪੇਸ਼ ਹੈ:-

ਕੋਇਲ ਮੇਰੀ ਕਵਿਤਾ 'ਚ
ਪੀਹੂ ਪੀਹੂ ਪੁਕਾਰਦੀ ਨਹੀਂ
ਉਹ ਤਾਂ ਬੇਚਾਰੀ
ਗੂੰਗੀ ਹੁੰਦੀ

ਮੇਰੇ ਲਈ ਕਵਿਤਾ
ਸ਼ਬਦ ਦੇ
ਅਰਥ ਬਦਲ ਗਏ ਨੇ (ਪੰਨਾ 24)

ਨਵੇਂ ਅਰਥਾਂ ਦੀ ਤਲਾਸ਼ ਅਧੀਨ ਹੀ ਸ਼ਾਇਰ ਘਰ ਦੀ ਨਵੀਂ ਪਰਿਭਾਸ਼ਾ ਘੜਦਾ ਹੈ। ਪੈਨਗਾਗ ਦੀ ਝੀਲ ਨਾਮੀ ਕਵਿਤਾ ਵਿਚ ਖੁੱਲ੍ਹੀ ਸਪੇਸ ਨੂੰ ਘਰ ਮੰਨਿਆ ਗਿਆ ਹੈ।ਝੀਲ ਦੇ ਸਮੁੱਚੇ ਅਸੀਮ ਵਾਤਾਵਰਣ ਦਾ ਸ਼ਾਇਰ ਅਟੁੱਟ ਹਿੱਸਾ ਬਣ ਜਾਣਾ ਲੋਚਦਾ ਹੈ। ਇਕਮਿਕਤਾ ਦੇ ਏਸ ਅਹਿਸਾਸ ਨੂੰ ਉਹ ਘਰ ਦੇ ਸੰਕਲਪ ਨਾਲ ਜੋੜਦਾ ਹੈ। ਏਸ ਤਰ੍ਹਾਂ ਕਵੀ ਘਰ ਦੇ ਸਥਾਪਿਤ ਅਰਥਾਂ ਨੂੰ ਬਦਲ ਦੇਂਦਾ ਹੈ। ਕਵੀ ਦਾ ਘਰ ਬੂਹੇ, ਬਾਰੀਆਂ, ਛੱਤਾਂ ਤੋਂ ਪਾਰ ਖੁੱਲ੍ਹੀ ਸਪੇਸ ਵਿੱਚ ਥਾਂ ਗ੍ਰਹਿਣ ਕਰਦਾ ਹੈ। ਘਰ ਦੀ ਇਸ ਅਸੀਮ ਪਰਿਭਾਸ਼ਾ ਵਿਚ ਹੀ ਪਾਠ ਦਾ ਆਨੰਦ ਲੁਕਿਆ ਹੋਇਆ ਹੈ।ਇਕ ਮਿਸਾਲ ਪੇਸ਼ ਹੈ:-

ਏਥੇ ਤਾਂ ਕੰਨਾਂ 'ਚ ਸਿਰਫ਼
ਆਪਣੇ ਹੀ ਸਾਹਾਂ ਦੀ 'ਵਾਜ਼ ਹੈ
ਜਾਂ ਖ਼ਬਰੇ ਉਹੀ ਆਦਮ
ਜਾਂ ਉਸ ਤੋਂ ਵੀ ਪਹਿਲਾਂ ਦਾ
ਹੁਣ ਭੁੱਲ ਚੁੱਕਿਆ ਮੈਨੂੰ
ਅਨਹਦ ਨਾਦ ਹੈ

ਇਹ ਵੀ ਤਾਂ ਘਰ ਹੈ
ਬੂਹੇ ਬਾਰੀਆਂ ਦੀਵਾਰਾਂ ਹੀ ਤਾਂ
ਨਹੀਂ ਨਾ ਹੁੰਦੇ ਘਰ
ਇਹ ਵੀ ਤਾਂ ਘਰ ਹੈ (ਪੰਨਾ, 28)

ਇਸ ਪੁਸਤਕ ਵਿਚਲੇ ਪਾਠ-ਆਨੰਦ ਦੀ ਛੇਵੀਂ ਪੱਧਰ ਕਾਵਿ-ਮੈਂ ਅੰਦਰ ਛੁਪੇ ਅਹਿਸਾਸ ਦੀ ਹੈ। ਇਹ ਉਹ ਅਹਿਸਾਸ ਹੈ ਜੋ ਸਮਾਜਿਕ ਪ੍ਰਤਿਮਾਨਾ ਦੇ ਘੇਰੇ ਤੋਂ ਪਾਰ ਆਪਣੀ ਹੋਂਦ ਗ੍ਰਹਣ ਕਰਦਾ ਹੈ।ਇਹ ਅਹਿਸਾਸ ਕਿਸੇ ਵੀ ਇਨਸਾਨੀ ਦੇਹ ਅੰਦਰ ਧੜਕ ਸਕਦਾ ਹੈ। ਇਸ ਅਹਿਸਾਸ ਦਾ ਕਿਸੇ ਵਿਚਾਰਧਾਰਾ ਨਾਲ ਸਿੱਧਾ ਸੰਬੰਧ ਨਹੀਂ, ਇਹ ਅਹਿਸਾਸ ਮਨੁੱਖੀ ਹੋਂਦ ਦੀ ਪੱਧਰ ਤੇ ਵਿਚਰਦਾ ਹੈ।ਏਸ ਦ੍ਰਿਸ਼ਟੀ ਤੋਂ ਕਿਹਾ ਜਾ ਸਕਦਾ ਹੈ, ਅੰਬਰੀਸ਼ ਦੀ ਇਹ ਕਵਿਤਾ ਮਨੁੱਖੀ ਅਹਿਸਾਸ,ਭਾਵ ਦੀ ਸਹਿਜ ਸੁਭਾਵਿਕ ਹੋਂਦ ਦੀ ਕਵਿਤਾ ਹੈ। ਇਸਨੂੰ ਕਿਸੇ ਨਿਰਪੇਖ ਜਾਂ ਸਾਪੇਖ ਮੁੱਲਾਂ ਦੇ ਸੰਕਲਪਾਂ ਰਾਹੀਂ ਨਹੀਂ ਸਮਝਿਆ ਜਾ ਸਕਦਾ।ਇਹ ਮਨੁੱਖ ਦੀ ਦੇਹ ਦੇ ਅੰਦਰ ਵਾਰ ਤੁਰ ਰਹੀਆਂ ਭਾਵਨਾਵਾਂ, ਮਸਤਕ 'ਚ ਗੂੰਜ ਰਹੀਆਂ ਅਣੂ-ਸੋਚਾਂ ਦੀ ਕਵਿਤਾ ਹੈ। ਇਸ ਵਿਚ ਰਾਗ ਨਹੀਂ, ਰਾਗ ਦੀ ਧੁਨੀ ਹੈ, ਸਿਤਾਰ ਨਹੀਂ, ਸਿਤਾਰ ਦੀ ਗੂੰਜ ਹੈ। ਇਸੇ ਲਈ ਇਸ ਨੂੰ ਪੜ੍ਹਦਿਆਂ ਪੜ੍ਹਦਿਆਂ ਸ਼ਬਦਾਂ ਜਾਂ ਚਿਹਨਾਂ ਦੇ ਅਰਥਾਂ ਦਾ ਨਹੀਂ, ਅਰਥਾਂ ਚੋਂ ਪੈਦਾ ਹੋਣ ਵਾਲੀਆਂ ਗੂੰਜਾਂ ਦਾ ਅਹਿਸਾਸ ਹੁੰਦਾ ਹੈ। ਇਸ ਕਵਿਤਾ ਦੇ ਅਰਥ, ਆਕਾਸ਼ ਵਿਚ ਉਡਾਰੀ ਲਾਉਂਦੇ, ਹਨੇਰੇ ਵਿਚ ਰੋਸ਼ਨੀ ਕਰਦੇ ਅਤੇ ਭਾਵਾਂ ਵਿਚ ਸੰਗੀਤ ਮਾਈ ਗੂੰਜ ਪੈਦਾ ਕਰਦੇ ਹਨ । ਇਸੇ ਲਈ ਇਸ ਕਾਵਿ ਦੀ ਪਾਠ-ਪ੍ਰਕਿਰਿਆ ਵਿਚ ਪਾਠ ਦੇ ਆਨੰਦ ਦੀ ਪ੍ਰਤੀਤੀ ਹੁੰਦੀ ਹੈ। ਇਹ ਐਸਾ ਆਨੰਦ ਹੈ ਜਿਸਦੀ ਪ੍ਰਤੀਤੀ ਹੁੰਦੀ ਹੈ, ਪਰ ਜਿਸਦੀ ਵਿਆਖਿਆ ਨਹੀਂ ਹੁੰਦੀ। ਮਿਸਾਲ ਵਜੋਂ ਅੰਬਰੀਸ਼ ਦੀ ਕਵਿਤਾ 'ਟਪਕਾ' ਸਾਰੀ ਦੀ ਸਾਰੀ ਪੇਸ਼ ਹੈ:-

ਸਾਉਣ ਸ਼ਾਮ ਸਰੂਰ ਸੰਗੀਤ
ਮੌਕਾ ਮੇਲ, ਮਿਲਦੇ
ਚਾਣਚੱਕ ਵਿਚਲੀ
ਦੂਰੀ ਸੁੰਗੜਦੀ

ਛੁਪਾਉਂਦੀ ਦਰਸਾਉਂਦੀ
ਪਾਰਦਰਸ਼ੀ ਪਰਦਾ
ਰੋਸ਼ਨੀ ਜਸ਼ਨ-ਰੰਗੀ
ਦੂਜਿਆਂ ਨੂੰ ਓਝਲ ਕਰਦੀ
ਬਲ ਅੱਖਾਂ ਨੱਕ
ਤਿਲ ਲੂਈਂ ਤੇਰੇ ਉੱਨਤ
ਅੰਗ ਉਘਾੜਦੀ

ਟਪਕਾ ਅੰਗ ਮੈਂ
ਰਸਾਂ ਨਾਲ ਭਰੀ ਭਰਿਆ
ਡਿੱਗਦਾ ਡਿੱਗਦਾ ਬਚਦਾ (ਪੰਨਾ 65)

ਕਵਿਤਾ ਵਿਚਲੇ ਕਾਵਿ-ਆਨੰਦ ਦੀ ਸੱਤਵੀਂ ਪੱਧਰ ਕਾਵਿ-ਭਾਸ਼ਾ ਦੀ ਸਿਰਜਣਾ ਵਿੱਚ ਹੈ। ਅੰਬਰੀਸ਼ ਦੀ ਕਵਿਤਾ ਦੀ ਭਾਸ਼ਾ ਵਿਚਲੇ ਸਿਰਜਤ 'ਚਿਹਨਕ' ਅਤੇ ਚਿਹਨਤ' ਅਨਿੱਖੜ ਰੂਪ ਵਿਚ ਪੇਸ਼ ਹੁੰਦੇ ਹਨ। ਕਵਿਤਾ ਵਿਚਲੇ 'ਚਿਹਨਕ' ਅਤੇ 'ਚਿਹਨਤ' ਸਮੁੱਚੀ ਕਵਿਤਾ ਵਿਚ ਪੂਰਣ ਮੈਟਾਫ਼ਰ ਬਣ ਜਾਂਦੇ ਹਨ। 'ਮਿਸਾਲ ਵਜੋਂ 'ਕੇਲੇ ਵੇਚਦੀ ਔਰਤ', ਬੱਤੀਆਂ ਵਾਲੇ ਚੌਂਕ ਤੇ', 'ਘੁੜ ਸਵਾਰੀ ਕਰਦੀ ਔਰਤ', ਛੋਹ ਤੇਰੀ' ਅਤੇ ਕਾਈ ਹੋਰ ਕਵਿਤਾਵਾਂ ਆਪਣੇ ਆਪ ਵਿਚ ਪੂਰਣ ਮੈਟਾਫ਼ਰ ਬਣਨ ਦੀ ਸਮਰੱਥਾ ਰੱਖਦਿਆਂ ਹਨ। ਕਵਿਤਾ ਵਿਚਲੇ ਸਿਰਜਤ ਮੈਟਾਫ਼ਰ ਦਾ ਕਵਿਤਾ ਵਿਚਲੀ ਸਿਰਜਤ 'ਮੈਂ' ਨਾਲ ਵੀ ਅਨਿਖੜ ਰਿਸ਼ਤਾ ਜੁੜਦਾ ਹੈ। ਮਿਸਾਲ ਵਜੋਂ ਇਹ ਸਤਰਾਂ:-

ਕਿਹਾ ਪੇਯ ਹੈ !
ਨਾਂ ਤੇਰਾ ਖ਼ਾਸ ਅੱਖਰਾਂ ਵਾਲਾ
ਰੰਗ ਤੇਰਾ ਦੰਦ ਤੇਰੇ ਕਾਠੀ ਤੇਰੀ
ਮੇਰਾ ਸਿਰ ਘੁੰਮਦਾ (ਪੰਨਾ, 82 )

ਯਾਦ ਨਹੀਂ ਸੀ
ਇਹ ਰੰਗ ਸੀ ਪਹਿਲਾਂ
ਕਿ ਤੂੰ
ਕਿ ਰੰਗ ਕਾਸ਼ਨੀ ਮੈਨੂੰ
ਚੰਗਾ ਲਗਦਾ ( ਪੰਨਾ, 83 )

ਤੇ ਇਨ੍ਹੀ ਪਲੀਂ ਮੈ
ਸਾਰੇ ਦਾ ਸਾਰਾ
ਸਿਤਾਰ ਸਰੋਦ ਹਾਂ
ਤੇ ਦਹਾਕਿਆਂ ਪਹਿਲਾਂ ਉਹਦੇ
ਇਸ ਘਰ 'ਚ ਹੋਣ ਦੀਆਂ
ਮਿਜ਼ਰਾਬ ਛੂਹਾਂ ਨਾਲ ਗੂੰਜਦਾ ਹਾਂ ( ਪੰਨਾ 73 )

ਉਪਰੋਕਤ ਮਿਸਾਲਾਂ ਵਿਚ ਨਵੀਂ ਕਾਵਿ-ਭਾਸ਼ਾ ਦੀ ਸਿਰਜਣਾ ਹੋਈ ਹੈ ਜਿਸ ਵਿਚ ਨਾ ਵਿਆਖਿਆ ਹੈ, ਨਾ ਅਲੰਕਾਰਾਂ ਦੀ ਵਰਤੋਂ, ਸਗੋਂ ਚਿਹਨ ਦਾ ਚਿਹਨ ਨਾਲ, ਕਾਵਿ-ਮੈਂ ਦਾ ਕਾਵਿ-ਤੂੰ ਨਾਲ ਇਕਮਿਕਤਾ ਦਾ ਰਿਸ਼ਤਾ ਜੁੜ ਜਾਂਦਾ ਹੈ। ਸਾਫ਼ ਸਪੱਸ਼ਟ ਹੈ ਕਿ ਸ਼ਾਇਰ ਭਾਸ਼ਾ ਨੂੰ ਇਕ ਸੰਦ ਵਜੋਂ ਨਹੀਂ ਵਰਤਦਾ ਸਗੋਂ ਭਾਸ਼ਾ ਵਿਚੋਂ ਨਵੀਂ ਭਾਸ਼ਾ ਘੜਦਾ ਹੈ। ਭਾਸ਼ਾ ਅਤੇ ਕਾਵਿ-ਮੈਂ ਇਕ ਦੂਜੇ ਵਿਚ ਇਸਤਰ੍ਹਾਂ ਘੁਲ ਮਿਲ ਜਾਂਦੇ ਹਨ ਕਿ ਪਾਠਕ ਨੂੰ ਪੜ੍ਹਦਿਆਂ ਕਾਵਿ-ਆਨੰਦ ਦੀ ਪ੍ਰਤੀਤੀ ਹੁੰਦੀ ਹੈ।ਦੋ ਮਿਸਾਲਾਂ ਪੇਸ਼ ਹਨ:-

ਇਹ ਪੌਣ ਨਹੀਂ ਰੁਮਕਦੀ ਰੱਖ 'ਚ
ਹਵਾ-ਘੰਟੀ 'ਤੇ ਸੁਰਾਂ ਕੱਢਦੀ
ਇਹ ਤਾਂ ਕਾਇਨਾਤ ਹੈ
ਸਦੀਆਂ ਤੋਂ ਜੜ੍ਹ ਮੇਰੀ
ਰੂਹ ਦੇ ਤਾਰ ਕੱਸਦੀ
ਸਾਧਦੀ ਸੁਰ ਕਰਦੀ ਉਹਨੂੰ
ਫਿਰ ਮਿਜ਼ਰਾਬ ਬਣਦੀ
ਰਾਗ ਅਲਾਪਦੀ

ਇਹ ਤਾਂ ਕੁਦਰਤ ਹੈ ( ਪੰਨਾ, 46 )

ਸੰਘਣੇ ਇਕ ਰੁੱਖ ਤੋਂ
ਕਿੰਨੇ ਹੀ ਜ਼ਰਦ ਪੀਲੇ
ਪੱਤੇ ਚਿਤਕਬਰੇ ਸੰਧੂਰੀ
ਅਦਿੱਸ ਹਵਾਈ-ਛਤਰੀਆਂ ਨਾਲ ਬੱਧੇ
ਸਖ਼ਤ ਸਲੇਟੀ ਸੜਕ 'ਤੇ
ਹੋਲੀ ਹੋਲੀ
ਚੁੱਪ ਚਾਪ ਉਤਰਦੇ

ਕੋਸੀ ਕਾਰ ਦੇ ਅੰਦਰ ਮੈਨੂੰ
ਠੰਢੀ ਝੁਨਝੁਨੀ ਛਿੜਦੀ ( ਪੰਨਾ, 136 )

ਉਸਦਾ ਕਾਰਨ ਇਹ ਹੈ ਕਿ ਸ਼ਾਇਰ ਕੁਦਰਤ, ਭਾਸ਼ਾ ਅਤੇ ਕਾਵਿ-ਮੈਂ ਨੂੰ ਇਕ ਮਿਕ ਕਰ ਦੇਂਦਾ ਹੈ। ਸਤੀ ਕੁਮਾਰ ਇਸ ਪੁਸਤਕ ਦੀ ਜਿਲਦ ਦੇ ਪਿਛਲੇ ਬਾਹਰੀ ਪੰਨੇ ਤੇ ਲਿਖਦਾ ਹੈ, ''ਪੰਜਾਬੀ ਦੀ ਨਵੀਂ ਕਾਵਿ-ਭਾਸ਼ਾ ਨੂੰ ਕੈਮਰੇ ਦਾ ਲੈਂਜ਼ ਲੱਗਾ ਹੋਇਆ ਹੈ।'' ਪਰ ਮੈਂ ਇਸ ਨੂੰ ਇਸ ਤੋਂ ਵੀ ਅਗਾਂਹ ਸੋਚਦੀ ਹਾਂ। ਮੈਂ ਕਹਾਂਗੀ, ''ਅੰਬਰੀਸ਼ ਦੀ ਇਸ ਪੁਸਤਕ ਦੀ ਕਵਿਤਾ ਵਿਚਲੀ ਭਾਸ਼ਾ ਨੂੰ ਸ਼ਾਇਰ ਦੀ ਨੀਝ ਭਾਰੀ ਅੱਖ ਦਾ ਲੈਂਜ਼ ਅਤੇ ਜਿਗਰ ਦਾ ਅਹਿਸਾਸ ਚੰਬੜਿਆ ਹੋਇਆ ਹੈ, ਇਸੇ ਲਈ ਇਸ ਕਵਿਤਾ ਵਿੱਚ ਕੁਦਰਤ ਜਾਂ ਸਥਿਤੀ ਦਾ ਕੇਵਲ ਚਿਤਰਣ ਨਹੀਂ, ਕੁਦਰਤ ਦਾ ਕੇਵਲ ਬਿਆਨ ਨਹੀਂ, ਸਗੋਂ ਕੁਦਰਤ ਨਾਲ, ਸਥਿਤੀ ਨਾਲ, ਮੈਟਾਫ਼ਰ ਨਾਲ ਇਕ ਮਿਕ ਹੋ ਜਾਣ ਦੀ ਚਾਹਤ ਹੈ, ਲਗਨ ਹੈ। ਇਹ ਚਾਹਤ ਅਤੇ ਲਗਨ ਹੀ ਇਸ ਪੁਸਤਕ ਦੀ ਕਵਿਤਾ ਦੀ ਜੀਂਦੀ ਜਾਗਦੀ ਨਵੀਂ ਕਾਵਿ-ਭਾਸ਼ਾ ਸਿਰਜਦੀ ਹੈ ਅਤੇ ਇਸ ਭਾਸ਼ਾ ਸਿਰਜਣਾ ਵਿਚ ਹੀ ਇਸ ਕਵਿਤਾ ਵਿਚਲਾ ਕਾਵਿ-ਆਨੰਦ ਨਿਹਿਤ ਹੈ।

**************************************************